# ਆਮ ਆਦਮੀ ਪਾਰਟੀ

ਛੱਬੀ ਨਵੰਬਰ ਨੂੰ ਅਰਵਿੰਦ ਕੇਜਰੀਵਾਲ, ਪ੍ਰਸ਼ਾਂਤ ਭੂਸ਼ਨ, ਮਨੀਸ਼ ਸਿਸੋਡੀਆ ਅਤੇ ਹੋਰਨਾਂ ਲੋਕਾਂ ਨੇ ਜੋ ਕੁਰਪਸ਼ਨ ਦੇ ਖ਼ਿਲਾਫ਼ ਮੁਹਿੰਮ ਚਲਾ ਰਹੇ ਹਨ, ਇਕ ਨਵੀਂ ਸਿਆਸੀ ਪਾਰਟੀ -ਆਮ ਆਦਮੀ ਪਾਰਟੀ- ਦੀ ਨੀਂਹ ਰੱਖ ਦਿਤੀ ਹੈ। ਪਿਛਲੇ ਕੁਝ ਮਹੀਨਿਆਂ ਵਿਚ ਕਈ ਘੁਟਾਲਿਆਂ ਦਾ ਪਰਦਾ ਫ਼ਾਸ਼ ਕਰਨ ਦੇ ਬਾਅਦ ਕੇਜਰੀਵਾਲ ਤੇ ਉਹਦੇ ਸਾਥੀਆਂ ਨੇ ਇਸ ਨਵੀਂ ਪਾਰਟੀ ਦੇ ਨਾਮ ਦਾ ਐਲਾਨ ਕਰਕੇ ਗੱਲ ਹੋਰ ਅੱਗੇ ਤੋਰੀ ਹੈ।

ਖ਼ਬਰਾਂ ਮੁਤਾਬਿਕ ਆਮ ਆਦਮੀ ਪਾਰਟੀ  ਹਿੰਦੁਸਤਾਨ ਭਰ ਦੇ ਪਿੰਡਾਂ, ਬਲਾਕਾਂ, ਕਸਬਿਆਂ ਅਤੇ ਸ਼ਹਿਰਾਂ ਅੰਦਰ ਆਪਣੀਆਂ ਇਕਾਈਆਂ ਸਥਾਪਿਤ ਕਰੇਗੀ ਅਤੇ ਲੋਕਾਂ ਨੂੰ ਇਨਸਾਫ਼ ਲਈ ਅਤੇ ਕਰੁਪਸ਼ਨ ਖ਼ਤਮ ਕਰਨ ਲਈ ਲਾਮਬੰਦ ਕਰੇਗੀ। ਕਿਹਾ ਜਾਂਦਾ ਹੈ ਕਿ ਸੰਨ 2013 ਵਿਚ ਦਿੱਲੀ ਅਤੇ ਮੱਧ ਪ੍ਰਦੇਸ਼ ਵਿਚ ਹੋਣ ਵਾਲੀਆਂ ਅਸੰਬਲੀ ਦੀਆਂ ਚੋਣਾਂ ਵਿਚ ਵੀ ਆਮ ਆਦਮੀ ਪਾਰਟੀ ਵੀ ਆਪਣੇ ਉਮੀਦਵਾਰ ਖੜ੍ਹੇ ਕਰੇਗੀ।

ਇਸ ਪਾਰਟੀ ਦੇ ਬਣਨ ਦੇ ਐਲਾਨ ਨਾਲ ਹਿੰਦੁਸਤਾਨ ਅਤੇ ਬਾਹਰਲੇ ਮੁਲਕਾਂ ਵਿਚ ਇਹਦੀ ਕਾਫੀ ਚਰਚਾ ਹੋ ਰਹੀ ਹੈ। ਹਿੰਦੁਸਤਾਨ ਵਿਚ ਕੁਝ ਸਿਆਸੀ ਪੰਡਿਤ ਕਹਿ ਰਹੇ ਹਨ ਕਿ ਪਿਛਲੇ 2 ਦਹਾਕਿਆਂ ਵਿਚ ਕਈ ਨਵੀਆਂ ਪਾਰਟੀਆਂ ਆਈਆਂ ਅਤੇ ਉਹ ਤਾਕਤ ਵਿਚ ਵੀ ਆਈਆਂ ਪਰ ਉਨ੍ਹਾਂ ਨੇ ਲੋਕਾਂ ਦਾ ਕੁਝ ਵੀ ਨਹੀਂ ਕੀਤਾ, ਸ਼ਾਇਦ ਆਮ ਅਦਮੀ ਪਾਰਟੀ ਵੀ ਦਾ ਕਿਤੇ ਉਹੀ ਹਸ਼ਰ ਨਾ ਹੋਵੇ।

ਦੂਜੇ ਪਾਸੇ ਬਹੁਤ ਸਾਰੇ ਲੋਕ ਕਹਿ ਰਹੇ ਹਨ ਕਿ ਹਿੰਦੁਸਤਾਨ ਵਿਚ ਲੁੱਟ ਖਸੁੱਟ, ਗਰੀਬੀ ਅਤੇ ਭ੍ਰਸ਼ਟਾਚਾਰ ਦੀ ਅੱਤ ਮੱਚੀ ਹੋਈ ਹੈ। ਸਾਰੀਆਂ ਹੀ ਸਿਆਸੀ ਪਾਰਟੀਆਂ ਇਸ ਲੁੱਟ ਖਸੁੱਟ ਦਾ ਹੱਥਠੋਕਾ ਬਣ ਗਈਆਂ ਹਨ ਅਤੇ ਕੁਰੱਪਸ਼ਨ ਕਰਨ ਵਿਚ ਇਕ ਦੂਜੇ ਤੋਂ ਅੱਗੇ ਹਨ। ਇਸ ਲਈ ਆਮ ਆਦਮੀ ਪਾਰਟੀ ਸ਼ਾਇਦ ਲੋਕਾਂ ਨੂੰ ਕੁਝ ਸੁੱਖ ਦਾ ਸਾਹ ਲੈਣ ਵਿਚ ਮਦਦ ਕਰੇ ਕਿਉਂਕਿ ਇਸ ਦੇ ਆਗੂ ਇਮਾਨਦਾਰ ਅਤੇ ਪਰਖੇ ਹੋਏ ਹਨ। ਪਰ ਉਹ ਨਾਲ ਇਹ ਵੀ ਕਹਿ ਰਹੇ ਹਨ ਕਿ ਸਿਰਫ਼  ਕੁਰਪਸ਼ਨ ਖ਼ਿਲਾਫ਼ ਮੁਹਿਮ  ਚਲਾਉਣ ਨਾਲ ਲੋਕਾਂ ਦੇ ਮਸਲੇ ਹਲ ਨਹੀਂ ਹੋਣੇ। ਕੁਰਪਸ਼ਨ ਤਾਂ ਬਿਮਾਰੀ ਦਾ ਇਕ ਲੱਛਣ ਹੈ ਬਿਮਾਰੀ ਦੀ ਜੜ੍ਹ ਨਹੀਂ, ਬਿਮਾਰੀ ਦੀ ਜੜ੍ਹ ਹੋਰ ਹੈ। ਕਈ ਸੱਜਣ ਕਿਆਸ ਲਾ ਰਹੇ ਹਨ ਕਿ ਇਸ ਨਵੀਂ ਪਾਰਟੀ ਦਾ ਫਾਇਦਾ ਬੀ ਜੇ ਪੀ ਨੂੰ ਪਹੁੰਚੇਗਾ ਕਿਉਂਕਿ ਇਹ ਕਾਂਗਰਸ ਦੀਆਂ ਵੋਟਾਂ ਕੱਟੇਗੀ। ਗੱਲ ਕੀ, ਜਿੰਨੇ ਮੂੰਹ ਉਨੀਆਂ ਗੱਲਾਂ। ਪਰ ਆਮ ਆਦਮੀ ਪਾਰਟੀ ਚਰਚਾ ਦਾ ਵਿਸ਼ਾ ਬਣ ਗਈ ਹੈ। ਮੁੱਖ ਸੁਆਲ ਇਹ ਹੈ ਕੀ ਆਮ ਆਦਮੀ ਪਾਰਟੀ ਹਾਕਮ ਟੋਲੇ  ਦੇ ਅਜੰਡੇ ਨੂੰ ਚਣੌਤੀ ਦੇਵੇਗੀ? ਕੀ ਇਸ ਕੋਲ ਰੂਹਾਨੀ, ਸਿਧਾਂਤਕ ਅਤੇ ਸਿਆਸੀ ਸੇਧ ਹੈ ਜਿਸ ਨਾਲ ਇਹ ਲੋਕਾਂ ਦੀ ਅਗਵਾਈ ਕਰ ਸਕੇ? ਆਮ ਆਦਮੀ ਪਾਰਟੀ ਦੇ ਬਿਆਨ ਸਿਆਸੀ ਤਾਕਤ ਲੋਕਾਂ ਦੇ ਹੱਥ ਦੇਣ ਦੀ ਗੱਲ ਕਰਦੇ ਹਨ ਅਤੇ ਇਹ ਵੀ ਕਹਿੰਦੇ ਹਨ ਕਿ ਅਹਿਮ ਮਸਲਿਆਂ ਤੇ ਇਹ ਲੋਕਾਂ ਦੀ ਰਾਇਸ਼ੁਮਾਰੀ ਕਰਾਉਣ ਦੇ ਹੱਕ ਵਿਚ ਹੈ। ਹਾਕਮ ਟੋਲਾ ਇਸ ਗੱਲ ਤੋਂ ਬਹੁਤ ਡਰਦਾ ਹੈ ਅਤੇ ਆਮ ਆਦਮੀ ਪਾਰਟੀ ਦੇ ਇਸ ਬਿਆਨ ਦਾ ਮਖੌਲ ਉਡਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਮੌਜੂਦਾ ਪਾਰਟੀ ਸਿਸਟਮ ਇਨ੍ਹਾਂ ਦੇ ਬਹੁਤ ਸੂਤ ਬੈਠਾ ਹੈ ਜਿਸ ਵਿਚ ਲੋਕਾਂ ਦੀ ਰਾਏ ਦੀ ਕੁਝ ਵੁੱਕਤ ਨਹੀਂ।

ਇਹ ਤਾਂ ਆਉਣ ਵਾਲਾ ਵਕਤ ਹੀ ਦੱਸੇਗਾ ਕਿ ਆਮ ਆਦਮੀ ਪਾਰਟੀ ਕੀ ਵਾਕਿਆਂ ਹੀ ਆਪਣੇ ਨਾਂ ਦੇ ਨਾਲ ਨਾਲ ਆਪਣੇ ਅਮਲ ਵੀ ਆਮ ਆਦਮੀ ਦੇ ਹੱਕਾਂ ਦੀ ਰਾਖੀ ਲਈ ਕਰਦੀ ਹੈ ਕਿ ਨਹੀਂ। ਪਰ ਸਮਾਜ ਦੇ ਇਕ ਹਿੱਸੇ ਵਲੋਂ ਇਸ ਤੋਂ ਕਾਫੀ ਆਸ ਕੀਤੀ ਜਾ ਰਹੀ ਹੈ ਅਤੇ ਉਹ ਇਸਦੀ ਪੁਰਜ਼ੋਰ ਹਿਮਾਇਤ ਕਰ ਰਹੇ ਹਨ। ਇਕ ਗੱਲ ਤਾਂ ਸਹੀ ਹੈ ਕਿ ਆਮ ਆਦਮੀ ਪਾਰਟੀ  ਨੇ ਕਾਂਗਰਸ ਨੂੰ ਫਿਕਰ ਵਿਚ ਪਾ ਦਿਤਾ ਹੈ ਕਿਉਂਕਿ ਕਾਂਗਰਸ ਪਾਰਟੀ ਆਪਣੇ ਆਪ ਨੂੰ ਆਮ ਆਦਮੀ ਦੀ ਪਾਰਟੀ ਦੇ ਤੌਰ ਤੇ ਲੋਕਾਂ ਵਿਚ ਪੇਸ਼ ਕਰਦੀ ਸੀ। ਹੁਣ ਇਸ ਨੂੰ ਆਮ ਆਦਮੀ ਦਾ ਝੰਡਾ ਚੁੱਕਣਾ ਅਤੇ ਨਾਅਰਾ ਲਾਉਣਾ ਮੁਸ਼ਕਿਲ ਹੋ ਜਾਵੇਗਾ।